Alberta Government

**News** release

# ਜਨਵਰੀ 10 ਤੋਂ ਵਿਦਿਆਰਥੀ ਵਿਅਕਤੀਗਤ ਸਿਖਲਾਈ ਲਈ ਪਰਤ ਰਹੇ ਹਨ।

ਜਨਵਰੀ 05, 2022 Media inquiries

---

## ਅਰਲੀ ਚਾਈਲਡਹੁੱਡ ਸੇਵਾਵਾਂ ਤੋਂ ਗ੍ਰੇਡ 12 ਦੇ ਵਿਦਿਆਰਥੀਆਂ ਦੀ ਸਮੁੱਚੀ ਖੁਸ਼ਹਾਲੀ ਲਈ ਸਾਰੇ ਉਪਾਵਾਂ ਨਾਲ ਸੁਰੱਖਿਅਤ ਕਲਾਸਰੂਮ ਸਿਖਲਾਈ 10 ਜਨਵਰੀ ਤੋਂ ਸ਼ੁਰੂ ਹੋਵੇਗੀ। ਗ੍ਰੇਡ 4-9 ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਰੁਕਾਵਟ ਨੂੰ ਦੂਰ ਕਰਨ ਲਈ ਇੱਕ ਨਵਾਂ ਟੂਲ ਵੀ ਪੇਸ਼ ਕੀਤਾ ਜਾ ਰਿਹਾ ਹੈ।

ਵਿਦਿਆਰਥੀ ਕੋਵਿਡ-19 ਦੇ ਓਮੀਕਰੋਨ ਰੂਪ ਵਿਰੁੱਧ ਸੁਰੱਖਿਆ ਲਈ ਸਕੂਲਾਂ ਦੁਆਰਾ ਵੰਡੇ ਜਾਣ ਤੇ ਰੈਪਿਡ ਟੈਸਟ ਅਤੇ ਮੈਡੀਕਲ ਮਾਸਕ ਰਾਹੀਂ ਵਾਧੂ ਸੁਰੱਖਿਆ ਨਾਲ ਵਿਅਕਤੀਗਤ ਸਿਖਲਾਈ ਲਈ ਪਰਤਣਗੇ।

ਰੈਪਿਡ ਟੈਸਟ ਕਿੱਟਾਂ ਅਤੇ ਮਾਸਕਾਂ ਦੀ ਸ਼ਿਪਮੈਂਟ ਇਸ ਹਫਤੇ ਸ਼ੁਰੂ ਹੋ ਜਾਵੇਗੀ ਅਤੇ ਅਗਲੇ ਹਫਤੇ ਦੇ ਅੰਤ ਤੱਕ ਸਾਰੇ ਸਕੂਲਾਂ ਦੀ ਸ਼ੁਰੂਆਤੀ ਸ਼ਿਪਮੈਂਟ ਹੋਵੇਗੀ। ਵਿਦਿਆਰਥੀਆਂ ਅਤੇ ਸਟਾਫ਼ ਨੂੰ ਉਨਾਂ ਦੀ ਸਪਲਾਈ ਮਿਲਮ ਤੇ ਹੀ ਇਹ ਵੰਡੇ ਜਾਣਗੇ। ਰੈਪਿਡ ਟੈਸਟ ਅਤੇ ਮਾਸਕ ਪੜਾਵਾਂ ਵਿੱਚ ਭੇਜੇ ਜਾਣਗੇ।

ਪਹਿਲਾਂ ਤੋਂ ਮੌਜੂਦ ਮਹੱਤਵਪੂਰਨ ਸਿਹਤ ਉਪਾਅ ਕਲਾਸਰੂਮਾਂ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਲਈ ਜਾਰੀ ਰਹਿਣਗੇ। ਇਹਨਾਂ ਵਿੱਚ ਮਾਸਕ, ਸਰੀਰਕ ਦੂਰੀ, ਸਮੂਹ, ਵਧੇਰੇ ਸਾਫ ਸਫਾਈ ਅਤੇ ਸਫਾਈ ਸਬੰਧੀ ਆਦਤਾਂ, ਪੰਜ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਹਰੇਕ ਲਈ ਟੀਕੇ ਦੀ ਉਪਲਬਧਤਾ ਅਤੇ ਸਕੂਲ ਅਧਿਕਾਰੀਆਂ ਨੂੰ ਬਾਲਗਾਂ ਲਈ ਟੀਕਾਕਰਨ ਨੀਤੀਆਂ ਦੇ ਸਬੂਤ ਰੱਖਣ ਲਈ ਉਤਸ਼ਾਹਿਤ ਕਰਨਾ ਸ਼ਾਮਲ ਹੈ।

## ਸਿੱਖਲਾਈ ਵਿੱਚ ਰੁਕਾਵਟ ਨੂੰ ਹੱਲ ਕਰਨ ਲਈ ਨਵਾਂ ਸਾਧਨ

ਵਿਅਕਤੀਗਤ ਤੌਰ ਤੇ ਸੁਰੱਖਿਅਤ ਸਿੱਖਲਾਈ ਲਈ ਸਹਾਇਤਾ ਪ੍ਰਾਪਤ ਕਰਨ ਤੋਂ ਇਲਾਵਾ ਅਗਲੇ ਹਫ਼ਤੇ ਗ੍ਰੇਡ 4 ਤੋਂ 9 ਤੱਕ ਦੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਮਹੱਤਵਪੂਰਨ ਹੁਨਰਾਂ ਅਤੇ ਸਿੱਖਲਈ ਲਈ ਮਹਾਂਮਾਰੀ ਕਾਰਨ ਪੱਛੜੇ ਵਿਦਿਆਰਥੀਆਂ ਨੂੰ ਈ-ਟਿਊਸ਼ਨ ਹੱਬ ਰਾਹੀਂ ਮੁਫਤ ਔਨਲਾਈਨ ਟਿਊਸ਼ਨ ਸਰੋਤ ਮੁਹੱਈਆ ਕਰਨਗੇ। ਇਹ ਨਵਾਂ ਸਰੋਤ up to $45 million( 45 ਮਿਲੀਅਨ ਡਾਲਰ ਤੱਕ) ਦੇ ਸਰਕਾਰੀ ਨਿਵੇਸ਼ ਨਾਲ ਗ੍ਰੇਡ 1 ਤੋਂ 3 ਦੇ ਵਿਦਿਆਰਥੀਆਂ ਲਈ ਕੋਵਿਡ-19 ਨਾਲ ਸਬੰਧਤ ਸਿੱਖਲਾਈ ਰੁਕਾਵਟਾਂ ਨੂੰ ਹੱਲ ਕਰੇਗਾ।

ਈ-ਟਿਊਟਰਿੰਗ(ਆਨਲਾਈਨ ਸਿਖਲਾਈ) ਹੱਬ ਨੂੰ ਪੂਰਵ-ਰਿਕਾਰਡ ਕੀਤੇ ਵੀਡੀਓ ਟਿਊਸ਼ਨ ਸੈਸ਼ਨਾਂ ਦੇ ਵਿਦਿਆਰਥੀਆਂ ਨਾਲ ਸ਼ੁਰੂ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਮਾਪੇ ਸਾਖਰਤਾ ਅਤੇ ਗਿਣਤੀ ਦੇ ਹੁਨਰ ਵਿੱਚ ਸਹਾਇਤਾ ਲਈ ਕਿਸੇ ਵੀ ਸਮੇਂ ਇੱਥੇ ਪਹੁੰਚ ਕਰ ਸਕਦੇ ਹਨ। ਇਸ ਸਾਲ ਦੇ ਅੰਤ ਵਿੱਚ ਅਲਬਰਟਾ ਐਜੂਕੇਸ਼ਨ, ਲਾਈਵ ਟਿਊਸ਼ਨ ਸਮੇਤ ਹੋਰ ਗ੍ਰੇਡਾਂ ਅਤੇ ਵਿਸ਼ਿਆਂ ਲਈ ਵੀ ਔਨਲਾਈਨ ਟਿਊਸ਼ਨ ਸੇਵਾਵਾਂ ਦਾ ਵਿਸਤਾਰ ਕਰੇਗੀ। ਸਕੂਲ ਅਧਿਕਾਰੀਆਂ, ਮਾਪਿਆਂ ਅਤੇ ਵਿਦਿਆਰਥੀਆਂ ਤੋਂ ਫੀਡਬੈਕ(ਰਾਏ) ਨਵੇਂ ਟਿਊਸ਼ਨ ਸੈਸ਼ਨਾਂ ਲਈ ਵਿਸ਼ਿਆਂ ਅਤੇ ਲੋੜਾਂ ਬਾਰੇ ਸੂਚਿਤ ਕਰੇਗੀ।

## ਘਰ ਵਿੱਚ ਸਿੱਖਲਾਈ ਵੱਲ ਮੁੜਨਾ

ਲੋੜ ਪੈਣ ਤੇ ਸਰਕਾਰ ਘਰ ਵਿੱਚ ਸਿਖਲਾਈ ਲਈ ਸ਼ਿਫਟਾਂ ਤੇ ਸਕੂਲ ਅਧਿਕਾਰੀਆਂ ਨਾਲ ਕੰਮ ਕਰਨਾ ਜਾਰੀ ਰੱਖੇਗੀ। ਸਕੂਲ ਅਥਾਰਟੀ ਕੋਲ ਸਕੂਲ ਨੂੰ ਚਲਾਉਣ ਸਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਲੋੜ ਪੈਣ ਤੇ ਇੱਕ ਕਲਾਸ ਜਾਂ ਵਿਅਕਤੀਗਤ ਗ੍ਰੇਡ ਨੂੰ ਥੋੜ੍ਹੇ ਸਮੇਂ ਲਈ

ਘਰੇਲੂ ਸਿੱਖਿਆ ਵਿੱਚ ਤਬਦੀਲ ਕਰਨ ਦੀ ਲਚਕਤਾ ਜਾਰੀ ਰਹੇਗੀ। ਸਾਰੇ ਸਕੂਲਾਂ ਜਾਂ ਸਕੂਲ ਅਥਾਰਟੀਆਂ ਨੂੰ ਘਰੋਂ ਸਿੱਖਲਾਈ ਵਿੱਚ ਤਬਦੀਲ ਕਰਨ ਦੇ ਫੈਸਲੇ ਸਕੂਲ ਅਥਾਰਟੀਆਂ ਦੇ ਸੁਝਾਵਾਂ ਨਾਲ ਅਲਬਰਟਾ ਸਰਕਾਰ ਦੁਆਰਾ ਲਏ ਜਾਂਦੇ ਰਹਿਣਗੇ। ਦੋਵਾਂ ਸਥਿਤੀਆਂ ਵਿੱਚ ਵਿਦਿਆਰਥੀਆਂ ਦੀ ਗੈਰਹਾਜ਼ਰੀ ਦਰ, ਸਕੂਲ ਜਾਂ ਸਕੂਲ ਅਥਾਰਟੀ ਦੀ ਸਕੂਲ ਵਿਚ ਕਲਾਸਾਂ ਚਲਾਉਣ ਲਈ ਉਪਲਬਧ ਸਟਾਫ ਦੀ ਯੋਗਤਾ ਅਤੇ ਸਥਾਨਕ ਸਿਹਤ ਡਾਟਾ ਸਮੇਤ ਹੋਰ ਉਪਲਬਧ ਹੋਣ ਤੇ ਜਾਣਕਾਰੀ ਤੇ ਵਿਚਾਰ ਕੀਤਾ ਜਾਵੇਗਾ।

## ਪ੍ਰਮੁੱਖ ਤੱਥ

- ਘਰੇਲੂ ਰੈਪਿਡ ਟੈਸਟ ਕਿੱਟਾਂ ਅਤੇ ਮੈਡੀਕਲ-ਗਰੇਡ ਮਾਸਕ ਦੀਆਂ ਸ਼ਿੱਪਮੈਂਟ ਸਰਕਾਰ ਤੋਂ ਪ੍ਰਾਪਤ ਹੋਣ ਤੇ ਪੜਾਅ-ਵਾਰ ਵੰਡੇ ਜਾਣਗੇ।
- ਸ਼ੁਰੂ ਵਿੱਚ ਪੰਜ ਘਰੇਲੂ ਰੈਪਿਡ ਟੈਸਟ ਕਿੱਟਾਂ ਹਰੇਕ ਵਿਦਿਆਰਥੀ ਅਤੇ ਸਟਾਫ ਮੈਂਬਰ ਨੂੰ 2.5 ਹਫ਼ਤਿਆਂ ਲਈ ਹਫ਼ਤੇ ਵਿੱਚ ਦੋ ਵਾਰ ਟੈਸਟ ਲਈ ਲੋੜੀਂਦੀ ਸਪਲਾਈ ਦਿੱਤੀ ਜਾਵੇਗੀ ਅਤੇ ਹਰੇਕ ਵਿਦਿਆਰਥੀ ਅਤੇ ਸਟਾਫ ਲਈ ਮਾਸਕ ਦੀ ਦੋ ਹਫ਼ਤਿਆਂ ਦੀ ਸਪਲਾਈ ਵੀ ਭੇਜੀ ਜਾਵੇਗੀ। ਮੈਡੀਕਲ-ਗਰੇਡ ਮਾਸਕ ਦੀ ਜਾਂਚ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਕੀਤੀ ਗਈ ਹੈ।
- ਘਰੋਂ ਸਿਖਲਾਈ ਲਈ ਸ਼ਿਫਟ:
  - ਪੂਰੇ ਸਕੂਲ ਜਾਂ ਸਕੂਲ ਅਥਾਰਟੀ ਨੂੰ ਥੋੜ੍ਹੇ ਸਮੇਂ ਲਈ ਘਰੋਂ ਸਿਖਲਾਈ ਵਿੱਚ ਬਦਲਣ ਦੇ ਚਾਹਵਾਨ ਅਧਿਕਾਰੀਆਂ ਨੂੰ ਮੰਤਰੀ ਤੋਂ ਮਨਜ਼ੂਰੀ ਲਈ ਬੇਨਤੀ ਕਰਨੀ ਪਵੇਗੀ।
  - ਸ਼ਿਫਟ ਨੂੰ ਮਨਜ਼ੂਰੀ ਦੇਣ ਲਈ ਮਾਪਦੰਡ ਵਿਦਿਆਰਥੀ ਅਤੇ ਸਟਾਫ਼ ਦੀ ਗੈਰਹਾਜ਼ਰੀ, ਪਹਿਲਾਂ ਹੀ ਚੁੱਕੇ ਗਏ ਉਪਾਵਾਂ ਅਤੇ ਸਥਾਨਕ ਸਿਹਤ ਡਾਟਾ ਉਪਲਬਧ ਹੋਣ ਤੇ ਆਧਾਰਿਤ ਹੋਵੇਗਾ।
- ਈ-ਟਿਊਸ਼ਨ ਹੱਬ ਤੇ ਔਨਲਾਈਨ ਟਿਊਸ਼ਨ ਸੈਸ਼ਨ:
  - ਸਾਰੇ ਵਿਦਿਆਰਥੀਆਂ, ਮਾਪਿਆਂ, ਅਤੇ ਸਕੂਲ ਸਟਾਫ ਲਈ ਮੁਫਤ ਅਸੀਮਤ ਪਹੁੰਚ ਨਾਲ ਪ੍ਰਾਪਤ ਹੋਣਗੇ।
  - ਛੋਟੀ ਉਮਰ ਦੇ ਵਿਦਿਆਰਥੀਆਂ ਲਈ 15 ਮਿੰਟ ਤੱਕ ਅਤੇ ਵੱਡੀ ਉਮਰ ਦੇ ਵਿਦਿਆਰਥੀਆਂ ਲਈ 60 ਮਿੰਟ ਤੱਕ ਸਿਖਲਾਈ ਉਪਲਬਧ ਹੋਵੇਗੀ।
  - ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਕੂਲੀ ਦਿਨ, ਦੇਰ ਦੁਪਹਿਰ ਅਤੇ ਸ਼ਾਮ ਦੌਰਾਨ ਲਾਈਵ ਪੜ੍ਹਾਈ ਹੋ ਸਕਦੀ ਹੈ।
  - ਹਰੇਕ ਵਿਅਕਤੀ ਦੀ ਨਿਜੱਤਾ ਦੀ ਰੱਖਿਆ ਅਨੁਸਾਰ ਬਣਾਇਆ ਗਿਆ ਹੈ
  - ਰਿਕਾਰਡ ਕੀਤੇ ਵੀਡੀਓ 24 ਘੰਟੇ 7 ਦਿਨ ਉਪਲਬਧ ਹਨ।
  - ਇਸਨੂੰ ਅਲਬਰਟਾ ਐਜੂਕੇਸ਼ਨ ਵਿਖੇ ਕੰਮ ਕਰ ਰਹੇ ਅਲਬਰਟਾ ਦੇ ਪ੍ਰਮਾਣਿਤ ਅਧਿਆਪਕਾਂ ਦੁਆਰਾ ਵਿਕਸਤ ਕੀਤਾ ਗਿਆ ਹੈ
- ਮਹਾਂਮਾਰੀ ਦੌਰਾਨ ਸਕੂਲ ਅਧਿਕਾਰੀਆਂ ਕੋਲ ਕੋਵਿਡ-19 ਲਈ ਟੈਕਸਪੇਅਰ ਫੰਡਿੰਗ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦੀ ਪਹੁੰਚ ਸੀ। ਇਸ ਵਿੱਚ 2020-21 ਸਕੂਲੀ ਸਾਲ ਵਿੱਚ ਸੂਬੇ ਭਰ ਦੇ ਸਾਰੇ ਸਕੂਲ ਅਥਾਰਟੀਆਂ ਲਈ ਸੰਚਾਲਨ ਫੰਡਿੰਗ ਵਿੱਚ 120 ਮਿਲੀਅਨ ਡਾਲਰ ਦਾ ਵਾਧਾ, 2020-21 ਸਕੂਲੀ ਸਾਲ ਦੌਰਾਨ ਵੱਧਿਆ ਪੂੰਜੀ ਰੱਖ-ਰਖਾਅ ਅਤੇ ਨਵੀਨੀਕਰਨ ਫੰਡਿੰਗ ਵਿੱਚ 250 ਮਿਲੀਅਨ ਡਾਲਰ, ਟੈਕਸਦਾਤਾ ਦੁਆਰਾ ਫੰਡ ਕੀਤੇ ਬੋਰਡ ਰਿਜ਼ਰਵ ਤੱਕ ਪਹੁੰਚ ਸ਼ਾਮਲ ਹਨ। ਨਾਲ ਹੀ 2021-22 ਸਕੂਲੀ ਸਾਲ ਲਈ ਕੋਵਿਡ-19 ਮਿਟੀਗੇਸ਼ਨ ਫੰਡਿੰਗ ਵਿੱਚ 130 ਮਿਲੀਅਨ ਡਾਲਰ ਰੱਖੇ ਗਏ ਹਨ।
  - ਸਕੂਲ ਅਥਾਰਟੀ ਓਪਰੇਟਿੰਗ ਰਿਜ਼ਰਵ 2020-21 ਸਕੂਲੀ ਸਾਲ ਦੌਰਾਨ 31 ਅਗਸਤ 2021 ਤੱਕ 80 ਮਿਲੀਅਨ ਡਾਲਰ ਤੋਂ ਵਧ ਕੇ 464 ਮਿਲੀਅਨ ਡਾਲਰ ਹੋ ਗਿਆ ਹੈ। ਕੁੱਲ ਪੂੰਜੀ ਅਤੇ ਸੰਚਾਲਨ ਭੰਡਾਰ 700 ਮਿਲੀਅਨ ਡਾਲਰ ਤੋਂ ਵੱਧ ਹਨ।

## ਸਬੰਧਿਤ ਜਾਣਕਾਰੀ

- Staying safe and healthy this year(ਇਸ ਸਾਲ ਸੁਰੱਖਿਅਤ ਅਤੇ ਸਿਹਤਮੰਦ ਰਹਿਣਾ)

## ਸਬੰਧਿਤ ਖਬਰਾਂ

- Winter break extended for K-12 students(ਕੇ-12 ਵਿਦਿਆਰਥੀਆਂ ਦੀਆਂ ਸਰਦੀਆਂ ਦੀਆਂ ਛੁੱਟੀਆਂ ਵਿੱਚ ਵਾਧਾ) (ਦਸੰਬਰ 30,2021)
- Helping students catch up(ਪੜ੍ਹਾਈ ਵਿੱਚ ਰੁਕਾਵਟ ਦੀ ਪੂਰਤੀ ਵਿੱਚ ਵਿਦਿਆਰਥੀਆਂ ਦੀ ਸਹਾਇਤਾ) (ਅਕਤੂਬਰ 27, 2021)

## ਮਲਟੀਮੀਡੀਆ

- Video: At-home rapid testing(ਵੀਡੀਓ- ਘਰੇਲੂ ਰੈਪਿਡ ਟੈਸਟਿੰਗ)
- Watch the news conference(ਖਬਰਾਂ ਵੇਖੋ)

## ਮੀਡੀਆ ਪੁੱਛਗਿੱਛ


Dylan Topal (ਡਾਇਲਨ ਟੋਪਲ)

780-886-2912
ਐਕਟਿੰਗ ਪ੍ਰੈਸ ਸੈਕਟਰੀ,ਐਜੁਕੇਸ਼ਨ